International Journal of Information Movement Vol.3 Issue II (June 2018)
Website: www.ijim.in ISSN: 2456-0553 (online) Pages 67-73

# ਗੁਰਮਤਿ ਵਿਚ ਬ੍ਰਹਮ ਦਾ ਸੰਕਲਪ

ਡਾ. ਸੁਖਵਿੰਦਰ ਸਿੰਘ
ਸਰਕਾਰੀ ਕਾਲਜ ਲੜਕੀਆਂ,
ਭੋਡੀਆ ਖੇੜਾ, ਫਤਿਹਾਬਾਦ
Email: professor.sukhwinder@gmail.com

ਗੁਰਮਤਿ ਵਿਚਾਰਧਾਰਾ ਦਾ ਕੇਂਦਰੀ ਬਿੰਦੂ ਪਰਮਾਤਮਾ ਅਥਵਾ ਬ੍ਰਹਮ ਨੂੰ ਮੰਨਿਆ ਜਾ ਸਕਦਾ ਹੈ। ਗੁਰਮਤਿ ਵਿਚ ਬ੍ਰਹਮ ਦਾ ਸੰਕਲਪ ਨਿਸ਼ਚਿਤ ਕਰਨ ਲਈ ਸਭ ਤੋਂ ਪਹਿਲਾਂ ਮੂਲ ਮੰਤਰ ਨੂੰ ਵਿਚਾਰਨ ਦੀ ਲੋੜ ਹੈ:

> ੧ਓ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ
> ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥[i]

ਡਾ. ਭਾਈ ਜੋਧ ਸਿੰਘ ਜੀ ਨੇ ਮੂਲ ਮੰਤਰ ਦੀ ਵਿਆਖਿਆ ਇੰਜ ਪ੍ਰਸਤੁਤ ਕੀਤੀ ਹੈ:

> "ਉਹ ਹਸਤੀ ਕੇਵਲ ਇੱਕ ਹੈ। ਸਦਾ ਰਹਿਣ ਵਾਲੀ ਹੈ। ਸਭ ਵਸਤਾਂ ਵਿਚ ਵਿਆਪਕ ਹੋ ਕੇ ਸਭ ਨੂੰ ਧਾਰਨ ਵਾਲੀ ਹੈ। ਸਾਰੀਆਂ ਵਸਤੂਆਂ ਨੂੰ ਉਪਜਾਉਣ ਵਾਲੀ ਹੈ। ਆਪਣੀ ਸ੍ਰਿਸ਼ਟੀ ਵਿੱਚ ਵਿਆਪਕ ਹੈ। ਬਿਨ੍ਹਾਂ ਡਰ ਦੇ ਤੇ ਬਿਨ੍ਹਾਂ ਵੈਰ ਦੇ ਹੈ। ਉਸ ਹਸਤੀ ਪੁਰ ਸਮੇਂ ਦਾ ਅਸਰ ਨਹੀਂ, ਉਹ ਜਨਮ ਮਰਨ ਤੋਂ ਰਹਿਤ ਹੈ। ਉਹ ਪ੍ਰਕਾਸ਼ ਆਪਣੇ ਆਪ ਤੋਂ ਹੀ ਹੈ। ਗੁਰੂ ਦੀ ਕਿਰਪਾ ਦੁਆਰਾ ਜਾਣੀ ਜਾਂਦੀ ਹੈ।"[ii]

ਅਸਲ ਵਿਚ ਤਾਂ ਮੂਲ ਮੰਤਰ ਵਿੱਚ ਹੀ ਗੁਰਮਤਿ ਦੇ ਬ੍ਰਹਮ ਬਾਰੇ ਸੰਕਲਪ ਨਿਸ਼ਚਿਤ ਹੋ ਜਾਂਦਾ ਹੈ, ਪਰ ਡਬਲਯੂ.ਐਚ.ਮੈਕਲੋਡ ਦੇ ਕਹਿਣ ਅਨੁਸਾਰ ਮੂਲ ਮੰਤਰ ਭਾਵੇਂ ਆਰੰਭ ਤੇ ਅਖ਼ੀਰੀ ਨਿਚੋੜ ਦਾ ਕੰਮ ਦਿੰਦਾ ਹੈ, ਪਰ ਫਿਰ ਵੀ ਇਨ੍ਹਾਂ ਦੋਹਾਂ ਵਿਚਕਾਰ ਕਹਿਣ ਨੂੰ ਬਹੁਤ ਕੁਝ ਰਹਿ ਜਾਂਦਾ ਹੈ।[iii] 'ਸਮੁੱਚੀ ਬਾਣੀ' ਨੂੰ ਆਧਾਰ ਬਣਾ ਕੇ ਬ੍ਰਹਮ ਦੀ ਸੰਭਵ ਵਿਆਖਿਆ ਸਾਡੇ ਵਿਸ਼ੇ ਦਾ ਉਦੇਸ਼ ਹੈ।

ਗੁਰਮਤਿ ਦੀ ਬ੍ਰਹਮ ਬਾਰੇ ਫਿਲਾਸਫੀ ਏਕਤਾ ਦੀ ਫਿਲਾਸਫ਼ੀ ਹੈ। ਡਾ. ਵਜ਼ੀਰ ਸਿੰਘ ਦਾ ਵਿਚਾਰ ਹੈ ਕਿ ਗੁਰੂ ਸਾਹਿਬ ਨੇ ਓਅੰਕਾਰ ਦੇ ਸੰਕਲਪ ਨੂੰ ਏਕਾ (1) ਅਗੇਤਰ ਲਗਾ ਕੇ ਵਿਸ਼ੇਸ਼ ਅਰਥ ਦੇ ਦਿੱਤਾ ਹੈ। ਓਅੰਕਾਰ ਏਕੰਕਾਰ ਬਣ ਗਿਆ- ਭਾਵ ਇਕੋ ਸੰਪੂਰਨ ਤੇ ਅਵੰਡ ਹਸਤੀ ਜਾਂ ਸ਼ਕਤੀ, ਜਿਸਦਾ ਕੋਈ ਸਾਨੀ ਨਹੀਂ ਤੇ ਜੋ ਹਰ ਥਾਂ ਵਿਆਪਕ ਹੈ। ਹੋਂਦ ਦੇ ਸਬੰਧ ਵਿਚ ਓਅੰਕਾਰ ਅਨੇਕਤਾ ਦਾ ਅਰਥ ਦੇਂਦਾ ਹੈ, ਪਰ ਇਸਦੀ ਬਿਜਾਏ ਏਕੰਕਾਰ ਸ਼ਬਦ ਯਕੀਨੀ ਤੌਰ ਤੇ ਇਕ ਵਾਚਕ ਭਾਵ ਦਾ ਲਖਾਇਕ ਹੈ, ਬੇਸ਼ੱਕ ਪ੍ਰਤੱਖ ਤੌਰ ਤੇ ਹੋਂਦ ਅਨੇਕ ਰੂਪੀ ਹੈ।[iv] ਸੰਸਕ੍ਰਿਤ ਦੇ ਵਿਦਵਾਨਾਂ ਨੇ ੳ ਅ ਮ ਤਿੰਨ ਅੱਖਰਾਂ ਨੂੰ ਬ੍ਰਹਮਾਂ, ਵਿਸ਼ਨੂੰ ਮਹੇਸ਼ ਮੰਨ ਕੇ ਉਸ ਨੂੰ ਤਿੰਨ ਦੇਵ ਰੂਪ ਕਲਪਿਆ ਹੈ ਪਰੰਤੂ ਗੁਰਮਤਿ ਵਿਚ ਓਅੰਕਾਰ ਦੈ ਰੂੱਢ ਵਿਚ ਏਕਾ ਅੱਗੇ ਲਿਖ ਕੇ ਸਿੱਧ ਕੀਤਾ ਹੈ ਕਿ ਕਰਤਾਰ ਇਕ ਹੈ।[v] ਡਾ. ਜੋਗਿੰਦਰ ਸਿੰਘ ਜੀ ਦਾ ਵੀ ਇਹੋ ਵਿਚਾਰ ਹੈ ਕਿ ਇਸ ਵਿਚ ਕੋਈ ਸੰਦੇਹ ਨਹੀਂ ਕਿ '1' ਬ੍ਰਹਮ ਦੀ ਅਖੰਡਤਾ ਦਾ ਭਾਵ ਸੁਰੱਖਿਅਤ ਰੱਖਦਾ ਹੈ। ਜਪੁਜੀ ਵਿਚ ਤੇ ਸਮੁੱਚੀ ਬਾਣੀ ਵਿਚ ਏਕੇ ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ।'[vi] ਡਾ. ਸ਼ੇਰ ਸਿੰਘ ਦੇ ਕਹਿਣ ਅਨੁਸਾਰ 'ਜਪੁਜੀ' ਦੀ 30ਵੀਂ ਪਉੜੀ ਵਿਚ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਨੂੰ ਸੰਸਾਰੀ, ਭੰਡਾਰੀ ਤੇ ਦੀਬਾਨ ਲਾਉਣ ਵਾਲਾ ਕਹਿ ਕੇ ਇਨ੍ਹਾਂ ਨੂੰ ਰੱਬ ਦੇ ਹੁਕਮ ਵਿਚ ਤੋਰਿਆ ਹੈ:

> ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵੇ ਹੋਵੈ ਫੁਰਮਾਣੁ॥[vii]

ਸੰਸਾਰ ਦੀ ਰਚਨਾ ਕਰਨ ਲਈ ਬ੍ਰਹਮ ਆਪ ਹੀ ਕੋਈ ਜੁਗਤ ਬਣਾ ਲੈਂਦਾ ਹੈ।[viii] ਪੈਦਾ ਕਰਨ, ਪਾਲਣ ਤੇ ਸੰਘਾਰਨ ਸ਼ਕਤੀਆਂ ਨੂੰ ਬ੍ਰਹਮ ਨਹੀਂ ਮੰਨਿਆ ਜਾ ਸਕਦਾ। ਇਨ੍ਹਾਂ ਤਿੰਨਾਂ ਸ਼ਕਤੀਆਂ ਨੇ ਸ੍ਰਿਸ਼ਟੀ ਦੇ ਖਤਮ ਹੋ ਜਾਣ ਨਾਲ ਖਤਮ ਹੋ ਜਾਣਾ ਹੈ।[ix] ਫਿਰ ਇਹ ਸ਼ਕਤੀਆਂ ਮਾਇਆ ਦੇ ਪ੍ਰਭਾਵ ਅਧੀਨ ਹਨ। ਇਹ ਤਾਂ ਬ੍ਰਹਮ ਦੀ ਸੇਵਾ ਮਾਤਰ ਕਰ ਰਹੀਆਂ ਹਨ।[x] ਕਿਉਂਕਿ ਸ੍ਰਿਸ਼ਟੀ ਬ੍ਰਹਮ ਨੇ ਸਾਜੀ ਹੈ, ਇਸ ਲਈ ਇਹ ਉਸੇ ਦਾ ਰੂਪ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕੀ ਇੱਥੇ ਬ੍ਰਹਮ ਦੀ ਏਕਤਾ ਭੰਗ ਨਹੀਂ ਹੁੰਦੀ। ਜਵਾਬ ਨਾਂਹ ਵਿਚ ਹੀ ਦੇਣਾ ਪਵੇਗਾ। ਡਾ. ਦੀਵਾਨ ਸਿੰਘ ਇਸ ਸੰਬੰਧੀ ਲਿਖਦੇ ਹਨ ਕਿ ਜਿਸ ਤਰ੍ਹਾਂ ਸੂਰਜ ਵਿਚੋਂ ਅਣਗਿਣਤ ਕਿਰਨਾਂ ਨਿਕਲਦੀਆਂ ਹਨ, ਜੋ ਸਦਾ ਸੂਰਜ ਨਾਲੋਂ ਸਬੰਧਿਤ ਰਹਿੰਦੀਆਂ ਹਨ, ਜਿਨ੍ਹਾਂ ਦੀ ਸੂਰਜ ਤੋਂ ਇਨ੍ਹਾਂ ਕੋਈ ਹੋਂਦ ਨਹੀਂ, ਉਸੇ ਤਰ੍ਹਾਂ ਸਰੀ ਸ੍ਰਿਸ਼ਟੀ ਦੀਆਂ ਆਤਮਾਵਾਂ ਦਾ ਸਬੰਧ ਬ੍ਰਹਮ ਨਾਲ ਹੈ, ਜੋ ਤੋਂ ਬਿਨ੍ਹਾ ਉਨ੍ਹਾਂ ਦੀ

ਕੋਈ ਹੋਂਦ ਨਹੀਂ।"[xi] ਇਸ ਤਰ੍ਹਾਂ ਸ੍ਰਿਸ਼ਟੀ ਦੇ ਬ੍ਰਹਮ ਦਾ ਰੂਪ ਹੋਣ ਦੇ ਬਾਵਜੂਦ ਵੀ ਬ੍ਰਹਮ ਤੇ ਸ੍ਰਿਸ਼ਟੀ ਵਿਚ ਇਕ ਭੇਦ ਰਹਿੰਦਾ ਹੈ ਅਤੇ ਬ੍ਰਹਮ ਇਕ ਤੇ ਕੇਵਲ ਇਕ ਰਹਿੰਦਾ ਹੈ।

ਡਾ. ਸ਼ੇਰ ਸਿੰਘ ਨੇ ਬ੍ਰਹਮ ਦੀ ਏਕਤਾ ਨੂੰ ਗਣਿਤ-ਵਿੱਦਿਆ ਦੇ ਇਕ ਪ੍ਰਮਾਣ ਦੁਆਰਾ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ। ਜਿਸ ਤਰ੍ਹਾਂ ਸਿਫ਼ਰ (ਬਿੰਦੀ) ਤੋਂ ਇਕ, ਇਕ ਤੋਂ ਦਸ, ਸੌ, ਹਜ਼ਾਰ, ਲੱਖ, ਕਰੋੜ, ਅਸੰਖ, ਨੀਲ, ਅਨੀਲ, ਸਭ ਕੁੱਝ ਹੋ ਜਾਂਦਾ ਹੈ, ਸਿਫ਼ਰ ਹਰ ਥਾਂ ਮੌਜੂਦ ਰਹਿੰਦੀ ਹੈ, ਤੇ ਫਿਰ ਵਿਸਥਾਰ ਸੰਕੋਰਦਾ ਹੈ ਤਾਂ ਅਨੀਲ ਤੋਂ ਨੀਲ, ਫਿਰ ਅਸੰਖ ਹਜ਼ਾਰ, ਸੌ ਦਸ, ਏਕ ਤੇ ਫਿਰ ਸਿਫ਼ਰ ਰਹਿ ਜਾਂਦੀ ਹੈ, ਇਸੇ ਤਰ੍ਹਾਂ ਬ੍ਰਹਮ ਨਿਰਗੁਣ ਤੋਂ ਸਰਗੁਣ ਤੇ ਸਰਗੁਣ ਤੋਂ ਨਿਰਗੁਣ ਹੋ ਜਾਂਦਾ ਹੈ।[xii]

ਜਪੁਜੀ ਵਿਚ ਬ੍ਰਹਮ ਦੀ ਸ੍ਰਿਸ਼ਟੀ ਦਾ ਜੋ ਅਨੰਤ ਚਿੱਤਰ ਖਿੱਚਿਆ ਗਿਆ ਹੈ, ਉਸ ਤੋਂ ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਬ੍ਰਹਮ ਦੇ ਸਰਗੁਣ ਸਰੂਪ ਤੇ ਵਧੇਰੇ ਬਲ ਦਿੱਤਾ ਗਿਆ ਹੈ। ਇਸ ਤਰ੍ਹਾਂ ਡਾ. ਰਾਮ ਸਿੰਘ ਦਾ ਇਹ ਕਹਿਣਾ ਵੀ ਵਧੇਰੇ ਸਾਰਥਿਕ ਨਹੀਂ ਹੈ ਕਿ ਜਪੁਜੀ ਵਿਚ ਨਿਰਗੁਣ ਬ੍ਰਹਮ ਦਾ ਵਰਨਣ ਦਾ ਹੋਣ ਦੇ ਬਰਾਬਰ ਹੀ ਹੈ। ਸ੍ਰਿਸ਼ਟੀ ਵਿਚ ਵਿਆਪਕ ਰੱਬ ਨੂੰ ਸ਼ੁਰੂ ਤੋਂ ਅਖ਼ੀਰ ਤੱਕ ਪ੍ਰਧਾਨਤਾ ਦਿੱਤੀ ਗਈ ਹੈ।[xiii]

ਡਾ. ਜਸਬੀਰ ਸਿੰਘ ਰਾਏ ਨੇ ਬ੍ਰਹਮ ਦਾ ਵਾਸਤਵਿਕ ਰੂਪ ਨਿਰਗੁਣ ਮੰਨਿਆ ਹੈ ਤੇ ਸਗੁਣਤਾ ਨੂੰ ਇਸਦਾ ਰੂਪ ਨਹੀਂ, ਸਗੋਂ ਲੱਛਣ ਮੰਨਿਆ ਹੈ[xiv] ਸੋ ਦਿਸਦਾ ਸੰਸਾਰ ਭਾਵੇਂ ਬ੍ਰਹਮ ਦਾ ਰੂਪ ਹੈ, ਇਸ ਕਰਕੇ ਸੱਚ ਵੀ ਹੈ, ਪਰ ਉਸ ਵਰਗਾ ਸੱਚ ਨਹੀਂ ਹੈ।

ਗੁਰਮਤਿ ਦੀ ਏਕਤਾ ਦੀ ਫ਼ਿਲਾਸਫ਼ੀ ਵਿਚੋਂ ਇਕ ਗੱਲ ਹੋਰ ਸਪੱਸ਼ਟ ਹੋ ਜਾਂਦੀ ਹੈ ਕਿ ਗੁਰਮਤਿ ਅਨੁਸਾਰ ਬ੍ਰਹਮ ਦਾ ਅੰਤਮ ਸਰੂਪ ਨਿਰਗੁਣ ਹੀ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਨਾਨਕ ਦਾ ਅਕਾਲ ਪੁਰਖ ਨਿਰਗੁਣ ਤੇ ਨਿਰਾਕਾਰ ਹੈ। ਪਰੰਤੂ ਨਿਰੰਕਾਰ ਪ੍ਰਭੂ ਦਾ ਸਿਰਫ਼ ਚਿੰਤਨ ਹੀ ਹੋ ਸਕਦਾ ਹੈ। ਉਹ ਭਗਤੀ ਦਾ ਵਿਸ਼ਾ ਨਹੀਂ ਬਣ ਸਕਦਾ।[xv] ਗੁਰਮਤਿ ਦਾ ਭਗਤੀ ਮਾਰਗ ਪ੍ਰੇਮ-ਭਗਤੀ ਦਾ ਮਾਰਗ ਹੈ।[xvi] ਡਾ. ਰਤਨ ਸਿੰਘ ਸਿੰਘ ਜੱਗੀ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਬ੍ਰਹਮ ਵਿਅਕਤ ਰੂਪ ਵਿਚ ਵਰਨਣ ਕੇਵਲ ਰਹੱਸ ਅਨੁਭੂਤੀ ਤੇ ਭਗਤੀ ਭਾਵਨਾ ਦਾ ਪਰਗਟਾ ਕਰਨ ਲਈ ਕੀਤਾ ਹੈ, ਪ੍ਰਧਾਨ ਰੂਪ ਵਿਚ ਉਹਨਾਂ ਦਾ ਬ੍ਰਹਮ ਨਿਰਗੁਣ ਸਰੂਪ ਹੀ ਹੈ।[xvii] ਡਾ. ਜੱਗੀ ਜੀ ਨੇ 'ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣ ਥੀਆ' ਤੁਕ ਦੀ ਵਿਆਖਿਆ ਕਰਦਿਆਂ ਕਿਹਾ ਹੈ ਕਿ ਸਰਗੁਣ ਤੋਂ ਭਾਵ ਇਹ ਨਹੀਂ ਕਿ ਗੁਰੂ ਨਾਨਕ ਸਾਹਿਬ ਸਰਗੁਣ ਵਾਦੀ ਵੀ ਸਨ। ਉਹਨਾਂ ਦੀ ਬਾਣੀ ਵਿਚ ਅਵਤਾਰਵਾਦ ਦਾ ਖੰਡਨ, ਉਹਨਾਂ ਨੂੰ ਕਦੀ ਵੀ ਸਗੁਣਵਾਦੀ ਹੋਣ ਦਾ ਹੱਕ ਪ੍ਰਦਾਨ ਨਹੀਂ ਕਰਦਾ।[xviii]

ਇਸ ਤਰ੍ਹਾਂ ਨਿਰਗੁਣ ਬ੍ਰਹਮ ਆਪਣੇ ਗੁਣਾਂ ਦਾ ਪ੍ਰਗਟਾ ਕਰਨ ਲਈ ਸਰਗੁਣ ਹੋ ਜਾਂਦਾ ਹੈ। ਬ੍ਰਹਮ ਦੇ ਗੁਣਾਂ ਦੀ ਗਿਣਤੀ ਅਸੀਮ ਹੈ, ਉਸਦੇ ਗੁਣਾਂ ਦਾ ਵਰਨਣ ਕਰਨ ਦਾ ਦਾਅਵਾ ਕਰਨ ਵਾਲਾ ਮੂਰਖਾਂ ਵਿਚ ਗਿਣਿਆ ਜਾਂਦਾ ਹੈ:

ਅਮੁਲ ਗੁਣ ਅਮੁਲ ਵਾਪਾਰ॥
ਅਮੁਲ ਵਾਪਾਰੀਏ ਅਮੁਲ ਭੰਡਾਰ॥
… … … …
ਜੇ ਕੋ ਆਖੇ ਬੋਲ ਵਿਗਾੜੁ॥
ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥[xix]

ਡਬਲਯੂ.ਐਚ. ਮੈਕਲੋਡ ਦਾ ਵਿਚਾਰ ਹੈ ਕਿ ਗੁਰੂ ਨਾਨਕ ਦਾ ਬ੍ਰਹਮ ਨਿਰਗੁਣ ਹੈ ਤੇ ਉਹ ਆਭਦੀ ਮਰਜ਼ੀ ਨਾਲ ਸਰਗੁਣ ਸਰੂਪ ਹੋ ਜਾਂਦਾ ਹੈ ਤਾਂ ਜੋ ਮਨੁੱਖ ਉਸਨੂੰ ਜਾਣ ਸਕੈ ਤੇ ਉਸ ਨਾਲ ਇਕਮਿਕ ਹੋ ਸਕੇ।[xx] ਡਾ. ਤਾਰਨ ਸਿੰਘ ਅਨੁਸਾਰ ਸ੍ਰਿਸ਼ਟੀ ਦੀ ਚੇਤਨਤਾ ਬ੍ਰਹਮ ਦੇ ਜਰੇ ਜ਼ਰੇ ਵਿਚ ਮੌਜੂਦ ਹੋਣ ਕਰਕੇ ਹੈ। ਇਸ ਲਈ ਜੀਵ ਆਤਮਾ ਤੇ ਸੰਸਾਰ ਦੋਵੇਂ ਸੱਚ ਹਨ, ਪਰ ਉਸ ਤਰ੍ਹਾਂ ਦੀ ਸਚਾਈ ਇਹ ਨਹੀਂ ਜਿਸ ਤਰ੍ਹਾਂ ਨਿਰਗੁਣ ਬ੍ਰਹਮ ਹੈ।[xxi] ਜੇ ਸ੍ਰਿਸ਼ਟੀ ਨਿਰਗੁਣ ਬ੍ਰਹਮ ਦਾ ਹੀ ਰੂਪ ਹੈ ਤਾਂ ਇਹ ਕ੍ਰਿਆਸ਼ੀਲ ਵੀ ਉਸੇ ਦੇ ਹੁਕਮ ਅਧੀਨ ਹੈ:

ਹੁਕਮੀ ਹੁਕਮ ਚਲਾਏ ਰਾਹੁ।
ਨਾਨਕ ਵਿਗਸੈ ਵੇਪਰਵਾਹੁ।[xxii]

ਸੋ ਸਰਗੁਣ ਬ੍ਰਹਮ ਨਿਰਗੁਣ ਬ੍ਰਹਮ ਦੇ ਅਧੀਨ ਆ ਜਾਂਦਾ ਹੈ।

ਸਰਗੁਣ ਬ੍ਰਹਮ ਦੀ ਵਿਆਖਿਆ ਕਰਦਿਆਂ ਗੁਰਬਾਣੀ ਵਿਚ ਉਸ ਲਈ ਅਨੇਕਾਂ ਨਾਵਾਂ ਦੀ ਵਰਤੋਂ ਕੀਤੀ ਗਈ ਹੈ। ਪਰ ਅਸੀਂ ਜਾਣਦੇ ਹਾਂ ਕਿ ਗੁਰਮਤਿ ਦਾ ਬ੍ਰਹਮ ਪ੍ਰੇਮ ਦਾ ਲਖਾਇਕ ਹੈ। ਸਮੱਸਿਆ ਇਹੋ ਹੈ ਕਿ ਮੂੰਹੋਂ ਕਿਹੋ ਜਿਹੇ ਬਰਨ ਬੋਲੀਏ ਕਿ ਉਹ ਸਾਨੂੰ ਪਿਆਰ ਕਰਨ ਲੱਗ

International Journal of Information Movement Vol.3 Issue II (June 2018)
Website: www.ijim.in ISSN: 2456-0553 (online) Pages 67-73

ਪਵੇ।[xxiii] ਜਪੁਜੀ ਵਿਚ ਗੁਰੂ ਸਾਹਿਬ ਨੇ ਪ੍ਰੇਮ ਵਸ ਹੋ ਕੇ ਬ੍ਰਹਮ ਨੂੰ ਵੱਡਾ ਸਾਹਿਬ, ਸਾਚਾ ਸਾਹਿਬ, ਹੁਕਮੀ, ਵੱਡਾ ਦਾਤਾ, ਪਾਤਿਸ਼ਾਹ, ਸਾਚਾ ਪਾਤਿ ਸਾਹਿਬੁ ਨਿਰੰਕਾਰ ਆਦਿ ਕਈ ਨਾਵਾਂ ਨਾਲ ਸੰਬੋਧਨ ਕੀਤਾ ਹੈ ਜਿਸਦਾ ਗੁਰਮਤਿ ਦੀ '੧ਓ' ਦੀ ਫਿਲਾਸਫੀ ਨਾਲ ਕੋਈ ਵਿਰੋਧ ਨਹੀਂ ਹੈ। ਡਾ. ਤਾਰਨ ਸਿੰਘ ਨੇ ਵੀ 'ਅਕਾਲ ਮੂਰਤਿ ਅਜੂਨੀ ਸੈਭੰ' ਦੀ ਵਿਆਖਿਆ ਇਹੋ ਕੀਤੀ ਹੈ ਕਿ ਬ੍ਰਹਮ ਮਨੁੱਖੀ ਜਾਂ ਕਿਸੇ ਹੋਰ ਰੂਪ ਵਿਚ ਅਵਤਾਰ ਨਹੀਂ ਲੈਣਾ।[xxiv] ਸੋ ਜਪੁਜੀ ਸਾਹਿਬ ਵਿਚ ਬ੍ਰਹਮ ਦਾ ਸਰੀਰਕ ਰੂਪ ਸਥਾਪਿਤ ਨਹੀਂ ਹੋਇਆ। ਇਕ ਹੋਰ ਥਾਂ ਗੁਰੂ ਨਾਨਕ ਸਾਹਿਬ ਨੇ ਬ੍ਰਹਮ ਨੂੰ ਸਰੀਰਕ ਰੂਪ ਵਿਚ ਚਿਤਵਿਆ ਹੈ, ਸਥਾਪਿਤ ਨਹੀਂ ਕੀਤਾ।[xxv] ਗੁਰਮਤਿ ਮਾਰਗ ਸਥੂਲ ਤੋਂ ਸੂਖਮ ਵੱਲ ਵਧਦਾ ਹੈ ਨਾ ਕਿ ਸੂਖਮ ਤੋਂ ਸਥੂਲ ਵੱਲ। 'ਜਪੁਜੀ' ਵਿਚ ਆਤਮਿਕ ਵਿਕਾਸ ਦੇ ਜੋ ਪੰਜ ਪੜਾਅ

ਦਰਸਾਏ ਗਏ ਗਏ, ਉਹਨਾਂ ਪੜਾਵਾਂ ਵਿਚ ਇਹ ਤੱਥ ਭਲੀਭਾਂਤ ਸਪੱਸ਼ਟ ਹੋ ਜਾਂਦੇ ਹਨ[xxvi] ਇਸ ਤਰ੍ਹਾਂ ਗੁਰਬਾਣੀ ਵਿਚਲੇ ਬ੍ਰਹਮ ਨੂੰ ਸਰੀਰਕ ਰੂਪ ਨਹੀਂ ਦਿੱਤਾ ਜਾ ਸਕਦਾ।[xxvii]

ਗੁਰਬਾਣੀ ਵਿਚ ਇਸ ਵਿਚਾਰ ਤੋਂ ਬਹੁਤ ਬਲ ਦਿੱਤਾ ਗਿਆ ਹੈ ਕਿ ਬ੍ਰਹਮ ਸਦਾ ਥਿਰ ਰਹਿਣ ਵਾਲੀ ਹੋਦ ਹੈ। ਮੂਲ ਮੰਤ੍ਰ ਵਿਚ ਉਸਦੇ ਨਾਮ ਨੂੰ ਸੱਚਾ ਅਥਵਾ ਹੋਣ ਵਾਲਾ ਦੱਸਕੇ ਜਪੁਜੀ ਦੇ ਮੁੱਢਲੇ ਸ਼ਲੋਕ ਵਿਚ ਉਸਨੂੰ ਜੁੱਗਾਂ ਜੁਗਾਂਤਰਾਂ ਵਿਚ ਤੇ ਭਵਿੱਖ ਵਿੱਚ ਥਿਰ ਰਹਿਣ ਵਾਲੀ ਸਚਾਈ ਆਖਿਆ ਗਿਆ ਹੈ। ਅਠਾਈਵੀਂ ਤੋਂ ਇਕੱਤੀਵੀਂ ਪਉੜੀ ਤਕ ਹਰ ਪਉੜੀ ਦੀ ਆਖ਼ਰੀ ਤੁਕ ਵਿਚ ਗੁਰੂ ਸਾਹਿਬ ਨੂੰ ਉਸ ਬ੍ਰਹਮ ਨੂੰ ਪ੍ਰਣਾਮ ਕੀਤਾ ਹੈ ਜੋ ਸਭ ਦਾ ਮੁੱਢ ਹੈ।

ਬ੍ਰਹਮ ਦੇ ਜਨਮ–ਰਹਿਤ, ਮੌਤ ਰਹਿਤ, ਕਾਲ–ਰਹਿਤ ਹੋਣ ਤੋਂ ਭਾਵ ਇਹ ਨਹੀਂ ਕਿ ਬ੍ਰਹਮ ਦੀ ਕੋਈ ਵਾਸਤਵਿਪਕ ਹੋਂਦ ਹੈ ਹੀ ਨਹੀਂ। ਬੁੱਧ ਧਰਮ ਦੇ ਸੁੰਨਵਾਦ ਨੂੰ ਤਾਂ ਗੁਰੂ ਸਾਹਿਬ ਨੇ ਰਚਨਹਾਰੇ (ਓਅੰਕਾਰ) ਤੋਂ ਪਹਿਲਾਂ 1 ਲਾ ਕੇ ਰੱਦ ਕਰ ਦਿਤਾ ਹੈ।[xxviii]

ਕਈ ਵਾਰੀ ਪਦਾਰਥਵਾਦੀ ਅਲੋਚਕ ਇਹ ਸ਼ਕਾ ਪ੍ਰਗਟਾਉਂਦੇ ਹਨ ਕਿ ਕਾਲ ਰਹਿਤ ਜਨਮ ਰਹਿਤ ਤੇ ਮੌਤ ਰਹਿਤ ਬ੍ਰਹਮ ਮਾਦਾ (matter) ਹੀ ਹੈ ਜਿਸ ਨੂੰ ਨਾ ਨਾਸ ਕੀਤਾ ਜਾ ਸਕਦਾ ਹੈ ਤੇ ਨਾ ਹੀ ਪੈਦਾ ਕੀਤਾ ਜਾ ਸਕਦਾ ਹੈ। ਪਰ ਸਮੁੱਚੀ ਗੁਰਬਾਣੀ ਤੇ ਜਪੁਜੀ ਸਾਹਿਬ ਵਿਚ ਇਹ ਵਿਚਾਰ ਬੜਾ ਸਪੱਸ਼ਟ ਹੈ ਕਿ ਬ੍ਰਹਮ ਇਕ ਚੇਤੰਨ ਹੋਦ ਹੈ। ਪ੍ਰੋ: ਰਾਮ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬ ਦਾ ਮੱਤ ਬਿਲਕੁਲ ਸਪੱਸ਼ਟ ਹੈ ਕਿ ਜਿਸ ਹੋਦ ਨੂੰ ਉਹ ਅਨਾਦੀ ਕਰਾਰ ਦੇ ਰਹੇ ਹਨ, ਉਹ ਪਦਾਰਥਕ ਨਹੀਂ ਹੈ। ਨਿਰੰਜਨ ਦੇ ਅਰਥ ਹਨ– ਅੰਜਨ ਰਹਿਤ, ਅੰਜਨ ਦੇ ਅਰਥ ਹਨ– ਸੁਰਮਾ। ਭਾਰਤ ਵਿਚ ਅੰਜਨ ਮਾਇਆ ਦਾ ਸੂਚਕ ਹੈ ਤੇ ਨਿਰੰਜਨ ਮਾਇਆ ਰਹਿਤ ਅਵਸਥਾ ਦਾ। ਗੁਰੂ ਨਾਨਕ ਰੱਬ ਨੂੰ ਨਿਰੰਜਨ ਕਹਿਕੇ ਉਸਦੇ ਪਦਾਰਥ ਤੋਂ ਮੁਕਤ ਹੋਣ ਦੀ ਹਾਮੀ ਭਰ ਹੇ ਹਨ।[xxix] ਡਾ. ਤਾਰਨ ਸਿੰਘ ਨੇ ਵੀ ਨਿਰੰਜਨ ਤੋਂ ਭਾਵ ਇਹੋ ਲਿਆ ਹੈ ਕਿ ਬ੍ਰਹਮ ਕਿਸੇ ਭੌਤਿਕ ਵਸਤੂ ਦਾ ਬਣਿਆ ਹੋਇਆ ਨਹੀਂ ਹੈ।[xxx] ਡਾ. ਦਲੀਪ ਸਿੰਘ ਦੀਪ ਲਿਖਦਾ ਹੈ ਕਿ ਗੁਰੂ ਨਾਨਕ ਦੇ ਕਰਤਾ ਪੁਰਖ ਇਕੱਠਾ ਲਿਖ ਕੇ ਉਪਨਿਸ਼ਦਾਂ ਅਤੇ ਗੀਤਾ ਵਿਚਲੇ ਇਸਦੇ ਭਾਵ ਨੂੰ ਵਧੇਰੇ ਸਪੱਸ਼ਟ ਕੀਤਾ ਹੈ। ਉਹ ਨਿਰਾ ਕਰਤਾ ਹੀ ਨਹੀਂ, ਨਾ ਹੀ ਨਿਰਾ ਪੁਰਖ (ਵਿਆਪਕ) ਹੀ ਹੈ ਸਗੋਂ ਕਰਤਾ ਹੋ ਕੇ ਵੀ ਆਪਣੀ ਕਿਰਤ ਵਿਚ ਵਿਆਪਕ ਹੈ।[xxxi] ਡਾ. ਜੋਧ ਸਿੰਘ ਨੇ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਹੁਣ ਸਾਰੇ ਸਾਇੰਸਵੇਤਾ ਇਹ ਨਹੀਂ ਮੰਨਦੇ ਕਿ ਸਮਾਂ ਪਾ ਕੇ ਨਿਰਜੀਤ ਮਾਦੇ ਵਿਚ ਜੀਵ ਪੈਦਾ ਹੋ ਗਿਆ ਹੋਵੇ। ਸੰਸਾਰ ਦੀ ਖੇਡ ਦਾ ਆਰੰਭ ਜਿਸ ਇਕ ਹਸਤੀ ਤੋਂ ਹੈ, ਉਹ ਚੇਤੰਨ ਹੈ।[xxxii]

ਗੁਰੂ ਨਾਨਕ ਸਾਹਿਬ ਇਕ ਥਾਂ ਆਪਣੀ ਜੀਵ–ਆਤਮਾ ਨੂੰ ਪਰਮਾਤਮਾ ਦੇ ਨਾਮ ਦੀ ਵਣਜਾਰਨ ਬਣਾਉਣਾ ਲੋੜਦੇ ਹਨ ਤੇ ਹਰਣੀ, ਕੋਇਲ, ਮਛਲੀ ਤੇ ਸਪਨੀ ਬਣ ਕੇ ਪਰਮਾਤਮਾ ਦੇ ਨਾਮ ਵਿਚ ਰੰਗਣਾ ਲੋੜਦੇ ਹਨ।[xxxiii] 'ਜਪੁਜੀ' ਵਿਚ ਵੀ

ਚੇਤਨ ਬ੍ਰਹਮ ਬਾਰੇ ਹੀ ਇੰਜ ਲਿਖਿਆ ਜਾ ਸਕਦਾ ਹੈ ਕਿ ਹੇ ਪਰਮਾਤਮਾ ਮੈਂ ਤੇਰੇ ਉਤੋ ਇਕ ਵਾਰੀ ਵੀ ਸਦਕੈ ਹੋਣ ਜੋਗਾ ਨਹੀਂ ਹਾਂ, ਜੋ ਕੁੱਝ ਮੈਨੂੰ ਭਾਉਂਦਾ ਹੈ, ਸੋ ਠੀਕ ਹੈ। ਤੂੰ ਸਦਾ ਅਟੱਲ ਨਿਰੰਕਾਰ ਹੈ।[xxxiv]

ਜਿਨ੍ਹਾਂ ਮਨੁੱਖ ਨੇ ਉਸ ਬ੍ਰਹਮ ਨੂੰ ਸਿਮਰਿਆ ਹੈ, ਉਹ ਆਪਣੀ ਮਿਹਨਤ ਸਫ਼ਲੀ ਕਰ ਗਏ ਹਨ, ਉਸਦੇ ਦਰ ਤੇ ਪ੍ਰਵਾਨ ਹੋ ਗਏ ਹਨ। ਅਜਿਹੇ ਮਨੁੱਖ ਉਜਲ ਮੁੱਖ ਵਾਲੇ ਹਨ ਅਤੇ ਕਈ ਜੀਵ ਉਹਨਾਂ ਦੀ ਸੰਗਤ ਵਿਚ ਰਹਿਕੇ ਮੁਕਤ ਹੋ ਗਏ ਹਨ। ਭਾਵ ਉਨ੍ਹਾਂ ਦਾ ਮਾਇਆ ਤੋਂ ਛੁਟਕਾਰਾ ਹੋ ਗਿਆ ਹੈ।[xxxv] ਬ੍ਰਹਮ ਨਾਮ ਦਾ ਸਿਮਰਨ ਕਰਨ ਵਾਲੇ ਮਾਇਆ ਤੋਂ ਮੁਕਤ ਹੋ ਜਾਂਦੇ ਹਨ।

ਡਾ. ਤਾਰਨ ਸਿੰਘ ਦੇ ਸ਼ਬਦਾਂ ਵਿਚ 'ਸਚੁ' ਸੁਤੰਤਰ ਹੈ– ਕਿਸੇ ਹੋਰ ਕਾਰਜ ਜਾਂ ਕਾਰਨ ਅਧੀਨ ਨਹੀਂ ਹੈ। ਇਸ ਲਈ ਉਹ 'ਨਿਰਭਉ' ਤੇ 'ਨਿਰਵੈਰ' ਹੈ।[xxxvi]

ਬ੍ਰਹਮ ਵਰਗਾ ਹੋਰ ਕੋਈ ਨਹੀਂ ਹੈ। ਇਸ ਲਈ ਉਸਨੂੰ ਪੂਰਨ ਰੂਪ ਵਿਚ ਜਾਣਨਾ ਵੀ ਸੰਭਵ ਨਹੀਂ ਹੈ:

ਏਵਡੁ ਊਚਾ ਹੋਵੈ ਕੋਇ॥
ਤਿਸ ਊਚੇ ਕਉ ਜਾਣੈ ਸੋਇ॥[xxxvii]

ਮਨੁੱਖ ਤਾਂ ਕੇਵਲ ਉਸ ਤੋਂ ਦਾਤਾਂ ਲੈਣ ਵਾਲਾ ਹੀ ਹੈ। 'ਜਪੁਜੀ' ਦੀ 25ਵੀਂ ਪਉੜੀ ਵਿਚ ਗੁਰੂ ਸਾਹਿਬ ਨੇ ਉਸ ਬ੍ਰਹਮ ਤੋਂ ਵਰੋਸਾਏ ਜਾਣ ਵਾਲੇ ਲੋਕਾਂ ਦਾ ਵੇਰਵਾ ਦਿੱਤਾ ਹੈ। ਬ੍ਰਹਮ ਦਾ ਸੁਭਾ ਦਾਤਾਰ ਤੇ ਦਿਆਲੂ ਹੈ। ਇਸ ਤਰ੍ਹਾਂ ਦੇ ਸੰਕੇਤ 'ਜਪੁਜੀ' ਵਿਚ ਹੋਰ ਵੀ ਕਈ ਥਾਈਂ ਮਿਲ ਜਾਂਦੇ ਹਨ।[xxxviii]

ਸਾਰੀ ਗੁਰਬਾਣੀ ਤੇ 'ਜਪੁਜੀ' ਵਿਚ ਬ੍ਰਹਮ ਨੂੰ ਇਕ ਬਹੁਤ ਵੱਡਾ ਰਹੱਸ ਮੰਨਿਆ ਗਿਆ ਹੈ। ਗੁਰੂ ਸਾਹਬਿ ਨੇ ਮੂਲ ਮੰਤਰ ਵਿਚ ਬ੍ਰਹਮ ਨੂੰ 'ਸੈਭੰ' ਆਖਿਆ ਹੈ ਜਿਸਦਾ ਅਰਥ ਹੈ ਆਪਣੇ ਆਪ ਤੋਂ ਪ੍ਰਕਾਸ਼ਮਾਨ। ਬ੍ਰਹਮ ਦਾ ਇਹ ਲੱਛਣ ਹੈਰਾਨੀ ਪੈਦਾ ਕਰਨ ਵਾਲਾ ਹੈ ਕਿ ਉਹ ਆਪਣੇ ਆਪ ਹੀ ਕਿਸ ਤਰ੍ਹਾਂ ਹੋਂਦ ਵਿਚ ਆ ਗਿਆ।[xxxix] ਬ੍ਰਹਮ ਉਦੋਂ ਵੀ ਸੱਚ ਸੀ ਜਦੋਂ ਇਹ ਤ੍ਰੈ ਪੱਖੀ ਸਮਾਂ ਵੀ ਸਾਜਿਆ ਨਹੀਂ ਸੀ ਗਿਆ। ਗੁਰੂ ਨਾਨਕ ਨੇ ਜਪੁਜੀ ਦੇ ਮੁੱਢ ਵਿਚ ਹੀ ਬ੍ਰਹਮ ਨੂੰ ਆਦਿ ਸਚੁ ਕਹਿਕੇ ਹੈਰਾਨੀ ਦਾ ਮੁੱਢ ਬੰਨ੍ਹ ਦਿੱਤਾ ਹੈ, ਅਗੋ ਸਾਰੀ ਰਚਨਾ ਵਿਚ ਮੁੜ ਮੁੜ ਇਸੇ ਤਾਰ ਨੂੰ ਟੁਟਕਾਇਆ ਹੈ।[xl]

ਡਾ. ਰਤਨ ਸਿੰਘ ਜੱਗੀ ਦੇ ਵਿਚਾਰ ਅਨੁਸਾਰ ਮੂਲ ਮੰਤ੍ਰ ਵਿਚ ਬ੍ਰਹਮ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਦੁਆਰਾ ਦੱਸਕੇ ਦਾਰਸ਼ਨਿਕਤਾ ਦਾ ਭਾਵਾਤਮਕ ਅਨੁਭੂਤੀਆਂ ਨਾਲ ਮਿਲਾਪ ਕਰਾ ਦਿੱਤਾ ਗਿਆ ਹੈ।[xli]

ਅਸਲ ਵਿਚ ਗੁਰਬਾਣੀ ਵਿਚ ਅਨੁਭਵ ਦੇ ਆਧਾਰ ਤੇ ਬ੍ਰਹਮ ਦਾ ਵਰਨਣ ਕੀਤਾ ਗਿਅਆ ਹੈ। 'ਜਪੁਜੀ' ਵਿਚ ਬ੍ਰਹਮ ਨੂੰ ਦਾਰਸ਼ਨਿਕ ਰੂਪ ਵਿਚ ਸਥਾਪਤ ਕਰਨ ਦੀ ਕੋਸ਼ਿਸ਼ ਕਰਕੇ ਵੀ ਇਹੋ ਅਨੁਭਵ ਕੀਤਾ ਹੈ ਕਿ ਉਸਦਾ ਪੂਰਨ ਰੂਪ ਵਿਚ ਕਥਨ ਕਰਨਾ ਅਸੰਭਵ ਹੈ।[xlii] ਨਿੱਜੀ ਅਨੁਭਵ ਦੇ ਆਧਾਰ ਤੇ ਬ੍ਰਹਮ ਨੂੰ ਇੱਕ ਵੱਡਾ ਰਹੱਸ ਮੰਨਿਆ ਗਿਆ ਹੈ। ਅਨੁਭਵ ਦਾ ਪ੍ਰਗਟਾਇਆ ਰਚਨਾ ਵਿਚ ਮੁੱਖ ਤੌਰ ਤੇ ਹੋਇਆ ਹੈ, ਇਹ ਵੱਖਰੀ ਗੱਲ ਹੈ ਕਿ ਕੁੱਝ ਅਧਿਆਤਮਕ ਸਿਧਾਂਤ ਵੀ ਇਸ ਵਿਚ ਨਿਰੂਪਣ ਹੋ ਗਏ ਹਨ। ਬ੍ਰਹਮ ਦੀ ਦਾਰਸ਼ਨਿਕ ਵਿਆਖਿਆ ਰਹੱਸਮਈ ਅਨੁਭਵ ਦੇ ਅਧੀਨ ਆ ਜਾਂਦੀ ਹੈ, ਜਦੋਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਬ੍ਰਹਮ ਆਪ ਹੀ ਜਾਣਦਾ ਹੈ ਕਿ ਉਹ ਕੇਡਾ ਕੁ ਵੱਡਾ ਹੈ:

ਜੇਵਡੁ ਆਪਿ ਜਾਣੈ ਆਪਿ ਆਪਿ।
ਨਾਨਕ ਨਦਰੀ ਕਰਮੀ ਦਾਤਿ॥[xliii]

ਬ੍ਰਹਮ ਬਾਰੇ ਪੂਰਨ ਰੂਪ ਵਿਚ ਜਾਨਣਾ ਤਾਂ ਇਕ ਪਾਸੇ ਰਿਹਾ, ਉਸਦੀ ਕੁਦਰਤ ਬਾਰੇ ਜਾਨਣਾ ਵੀ ਅਸੰਭਵ ਹੈ। ਉਸਦੀ ਕੁਦਰਤ ਦਾ ਲੇਖਾ ਲਿਖਣ ਸੀਮਾ ਵਿਚ ਨਹੀਂ ਬੱਝ ਸਕਦਾ। ਉਹ ਆਪ ਹੀ ਜਾਣੈ ਤਾਂ ਜਾਣੈ:

ਲੇਖਾ ਹੋਇ ਤਾ ਲਿਖੀਐ ਲੇਖੈ ਹੋਇ ਵਿਣਾਸੁ।
ਨਾਨਕ ਵਡਾ ਆਖੀਐ ਆਪੈ ਜਾਣੈ ਆਪੁ॥[xliv]

ਗੁਰੂ ਸਾਹਿਬ ਨੇ ਉਸਦੀ ਕੁਦਰਤ ਦਾ ਵਰਨਣ ਕਰਨ ਤੋਂ ਅਸਮਰਥਾ ਪ੍ਰਗਟਾਈ ਹੈ:

ਕੁਦਰਤਿ ਕਵਣ ਕਹਾ ਵੀਚਾਰੁ॥[xlv]

ਸੋ ਉਪਰਲੀ ਸਾਰੀ ਵਿਚਾਰਧਾਰਾ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਇਥੇ ਇਹੀ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਵਿਚਾਰਧਾਰਾ ਅਨੁਸਾਰ ਅੰਤਿਮ ਰੂਪ ਵਿਚ ਬ੍ਰਹਮ ਅਗੰਮ ਤੇ ਅਗੋਚਰ ਹੈ। ਮਨੁੱਖ ਉਸਨੂੰ ਪ੍ਰਾਪਤ ਕਰਕੇ ਵੀ ਪੂਰੀ ਤਰ੍ਹਾਂ ਨਹੀਂ ਜਾਣ ਸਕਦਾ। ਗੁਰੂ ਸਾਹਿਬ ਨੇ ਸੱਚ ਖੰਡ ਦੀ ਅਵਸਥਾ ਵਿਚ ਪੁੱਜੇ ਮਨੁੱਖ ਦੀ ਅਵਸਥਾ ਕਥਨ ਕਰਨ ਨੂੰ ਲੋਹਾ ਚਬਾਉਣ ਦੇ ਤੁਲ ਦਰਸਾਇਆ ਹੈ।

**ਹਵਾਲੇ:**

---

[i] ਆਦਿ ਗੁਰੂ ਗ੍ਰੰਥ, ਪੰਨਾ 1.

[ii] ਗੁਰਮਤਿ ਨਿਰਣਯ, ਪੰਨ 1.

[iii] The Mul Mantra may well serve both as a starting and as of final summary but much remains to be filled in between the two. (Guru Nanak and the Sikh Religion, p. 164)

[iv] ਗੁਰੂ ਨਾਨਕ ਸਿਧਾਂਤ, ਪੰਨਾ 57.

[v] ਹਰਿਭਜਨ ਸਿੰਘ, "੧ਓਁ ਸਤਿ", 'ਪੰਜਾਬੀ ਦੁਨੀਆਂ (ਗੁਰੂ ਨਾਨਕ ਅੰਕ), ਪੰਨਾ 188.

[vi] 'ਜਪੁਜੀ' ਵਿਚ ਪਰਮ ਸੱਤਾ ਤੇ ਸਤਿ। ਆਰਟੀ, ਸੱਚ ਦ ਸੰਕਲਪ, ਨਾਨਕ ਪ੍ਰਕਾਸ਼ ਪੱਤ੍ਰਿਕਾ, ਦਸੰਬਰ 1978, ਪੰਨਾ 15.

[vii] ਗੁਰਮਤ ਦਰਸ਼ਨ, ਪੰਨਾ 211.

[viii] 'ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ। (ਆਦਿ ਗ੍ਰੰਥ, ਪੰਨਾ 7 ਪਉੜੀ 30).

[ix] Dr. Surinder Singh Kohli, Outlines of Sikh Thought, p. 19.

[x] Dr. Surinder Singh Kohli (A Critical Study of Adi Granth, p. 335).

[xi] Guru Nanak's Message in Japji, p. 38.

[xii] ਗੁਰਮਤ ਦਰਸ਼ਨ, ਪੰਨਾ 214-15.

[xiii] ਜਪੁਜੀ ਦਾ ਵਿਸ਼ਾ ਤੇ ਰੂਪ, ਪੰਨਾ 64-65.

[xiv] ਗੁਰਬਾਣੀ ਅਨੁਸਾਰ ਬ੍ਰਹਮ ਦਾ ਨਿਰਗੁਣ-ਸਗੁਣ ਸੰਕਲਪ (ਖੋਜ ਦਰਪਣ, ਜਨਵਰੀ, 1978, ਪੰਨਾ 58)

[xv] ਗੁਰੂ ਨਾਨਕ ਅਤੇ ਨਿਰਗੁਣਧਾਰਾ, ਪੰਨਾ 62.

[xvi] ਲੋਖੋ ਆਦਿ ਗੁਰੂ ਗ੍ਰੰਥ, ਪੰਨੇ, 3-6,8, ਜਪੁਜੀ : ਪਉੜੀਆਂ 16-19, 22, 24, 27, 37.

[xvii] ਗੁਰੂ ਨਾਨਕ ਦੀ ਵਿਚਾਰਧਾਰਾ.

[xviii] ਗੁਰੂ ਨਾਨਕ ਦੇ ਨਿਰਗੁਣ ਸਰਗੁਣ ਦਾ ਸਰੂਪ (ਪੰਜਾਬੀ ਦੁਨੀਆਂ), ਪੰਨਾ 108.

[xix] ਅਦਿ ਗ੍ਰੰਥ, ਪੰਨਾ 5-6, ਜਪੁਜੀ-ਪਉੜੀ 26.

[xx] ਗੁਰੂ ਨਾਨਕ ਐਂਡ ਸਿੱਖ ਰਿਲੀਜਨ, ਪੰਨਾ 167.

xxi ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 90.

xxii ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰ। ਜਪੁਜੀ ਪਉੜੀ 4.

xxiii ਆਦਿ ਗੁਰੂ ਗ੍ਰੰਥ, ਪੰਨਾ 91.

xxiv ਆਦਿ ਗੁਰੂ ਗ੍ਰੰਥ, ਪੰਨਾ 91.

xxv ਤੇਰੇ ਬੈਂਕੇ ਲੋਇਣ ਦੰਤ ਰੀਸਾਲਾ।
ਸੋਹਣੇ ਨਕ ਜਿਨ ਲੰਮੜੇ ਵਾਲਾ।
ਕੰਚਨ ਕਾਇਆ ਸੁਇਨੇ ਕੀ ਢਾਲਾ। ਆਦਿ ਗੁਰੂ ਗ੍ਰੰਥ, ਪੰਨਾ 567.

xxvi ਰਾਤੀ ਰੁਤੀ ਥਿਤੀ ਵਾਰ। ਪਉਣ ਪਾਣੀ ਅਗਨੀ ਪਾਤਾਲਾ।
ਤਿਸ ਵਿਚ ਧਰਤੀ ਥਾਪਿ ਰਖੀ ਧਰਮਸਾਲ
ਤਿਸ ਵਿਚ ਜੀਅ ਜੁਗਤਿ ਕੇ ਰੰਗ, ਤਿਨਕੈ ਨਾਮ ਅਨੇਕ ਅਨੰਤ। ਆਦਿ ਗੁਰੂ ਗ੍ਰੰਥ, ਪੰਨਾ 7 (ਜਪੁਜੀ ਪਉੜੀ 34)

xxvii ਡਾ. ਗੁਰਸ਼ਰਨ ਕੌਰ ਜੱਗੀ, ਗੁਰੂ ਨਾਨਕ ਬਾਣੀ ਦਾ ਸਿਧਾਂਤਕ ਵਿਸ਼ਲੇਸ਼ਣ, ਪੰ. 127, 37–38

xxviii ਡਾ. ਵਜ਼ੀਰ ਸਿੰਘ ਨਾਨਕ ਬਾਣੀ ਚਿੰਤਨ, ਪੰਨਾ 97.

xxix –ਉਹੀ–, ਪੰਨੇ 61–62.

xxx –ਉਹੀ–, ਪੰਨਾਂ 164.

xxxi 'ਜਪੁਜੀ': ਇਕ ਤੁਲਨਾਤਮਕ ਅਧਿਐਨ, ਪੰਨਾ 61.

xxxii –ਉਹੀ–, ਪੰਨੇ 19–23ਭ

xxxiii ਹਰਣੀ ਹੋਣਵਾ ਬਨਿ ਬਸਾ ਕੰਦੁ ਮੂਲ ਚੁਣਿ ਖਾੈਉ।
... ..................................
ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ।
(ਆਦਿ ਗੁਰੂ ਗ੍ਰੰਥ ਪੰਨਾ 3–4, ਜਪੁਜੀ : ਪਉ. 16–19)

xxxiv 'ਵਾਰਿਆ ਨਾ ਜਾਵਾ ਏਕ ਵਾਰ।
ਜੋ ਤੁਧ ਭਾਵੈ ਸਾਈ ਭਲੀ ਕਾਰ।
ਤੂੰ ਸਦਾ ਸਲਾਮਤਿ ਨਿਰੰਕਾਰ।' (ਆਦਿ ਗੁਰੂ ਗ੍ਰੰਥ ਪੰਨਾ 3–4, ਜਪੁਜੀ : ਪਉ. 16–19)

xxxv 'ਜਿੰਨੀ ਨਾਮ ਧਿਆਇਆ ਗਏ ਮਸਕਤਿ ਘਾਲਿ।
ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲਿ।' (ਆਦਿ ਗੁਰੂ ਗ੍ਰੰਥ , ਜਪੁਜੀ–ਅੰਤਲਾ ਸਲੋਕ)

xxxvi ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਾਰਸ਼ਨਿਕ ਸਿਧਾਂਤ, ਗੁਰਮਤ ਸਾਹਿਤ (ਸੰ: ਲਾਲ ਸਿੰਘ), ਪੰਨਾ 31.

xxxvii ਆਦਿ ਗੁਰੂ ਗ੍ਰੰਥ, ਪੰਨਾ 5, ਜਪੁਜੀ ਪਉੜੀ 24.

xxxviii ਦੇਦਾ ਦੇ ਲੈਦੇ ਥਕਿ ਪਾਹਿ। ਜੁਗਾ ਜੁਗੰਤਰਿ ਖਾਹੀ ਖਾਹਿ॥ ਜਪੁਜੀ (ਪਉੜੀ 13)
ਸਾਚਾ ਸਾਹਿਬ ਸਾਚੁ ਨਾਇ ਭਾਖਿਆ ਭਾਉ ਅਪਾਰ।
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰ। ਜਪੁਜੀ (ਪਉੜੀ 4)
ਸਭਨਾ ਜੀਆ ਕਾ ਇਕ ਦਾਤਾ ਸੋ ਮੈ ਵਿਸਰ ਨ ਜਾਈ। ਜਪੁਜੀ (ਪਉੜੀ 5–6)
ਨਾਨਕ ਨਿਰਗੁਣਿ ਗੁਣ ਕਰੇ ਗੁਣਵੰਤਿਆ ਗੁਣ ਦੇ। ਜਪੁਜੀ (ਪਉੜੀ 7)

xxxix ਪ੍ਰੋ:ਰਾਮ ਸਿੰਘ, ਉਹੀ, ਪੰਨਾ 61.

xl ਉਹੀ

xli –ਉਹੀ–, ਪੰਨੇ 47–48.

xlii ‘ਜੇ ਹਉ ਜਾਣਾ ਆਖਾ ਨਾਹੀ ਕਰਣਾ ਕਥਨੁ ਨਾ ਜਾਈ।  ਆਦਿ ਗੁਰੂ ਗ੍ਰੰਥ ਪੰਨਾ 2, (ਜਪੁਜੀ ਪਉੜੀ 5)

xliii ਆਦਿ ਗੁਰੂ ਗ੍ਰੰਥ ਪੰਨਾ 5, (ਜਪੁਜੀ ਪਉੜੀ 24)

xliv ਉਹੀ, (ਜਪੁਜੀ ਪਉੜੀ 22)

xlv ਉਹੀ, ਪੰਨੇ 3–4, (ਜਪੁਜੀ ਪਉੜੀ 16,17,19)